# ਜਨਗਣਨਾ ਜਾਣਕਾਰੀ ਲੈਣ ਵਾਲੇ ਨੂੰ ਕਿਵੇਂ ਪਛਾਣਿਆ ਜਾਵੇ

***ਸਵਾਲ? ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਲਈ ਸਾਡੀ ਮਰਦਮਸ਼ੁਮਾਰੀ ਦੀ ਹਾਟਲਾਈਨ ਨੂੰ 844-2020-API ਤੇ ਕਾਲ ਕਰੋ। ਵਧੇਰੇ ਜਾਣਕਾਰੀ ਲਈ www.CountUsIn2020.org/hotline ਤੇ ਜਾਓ।***

## ਕੀ ਜਨਗਣਨਾ ਬਿਊਰੋ ਕਿਸੇ ਨੂੰ ਮੇਰੇ ਘਰ ਭੇਜੇਗਾ?

ਜਨਗਣਨਾ ਜਨਵਰੀ 2020 ਵਿਚ ਅਲਾਸਕਾ ਦੇ ਦੂਰ ਦੁਰਾਡੇ ਇਲਾਕਿਆਂ ਵਿਚ ਸ਼ੁਰੂ ਹੋਈ ਅਤੇ ਜ਼ਿਆਦਾਤਰ ਘਰਾਂ ਨੂੰ ਮਾਰਚ 2020 ਵਿਚ ਜਵਾਬ ਦੇਣ ਦਾ ਸੱਦਾ ਮਿਲੇਗਾ।ਜਨਗਣਨਾ ਵਿਭਾਗ ਤੁਹਾਨੂੰ ਅਪ੍ਰੈਲ ਦੇ ਅਖੀਰ ਵਿੱਚ ਜਨਗਣਨਾ ਦਾ ਜਵਾਬ ਦੇਣ ਲਈ ਮੇਲ ਦੁਆਰਾ ਨਿਰਦੇਸ਼ ਅਤੇ ਰੀਮਾਈਂਡਰ ਭੇਜੇਗਾ। ਤੁਸੀਂ ਫ਼ੋਨ, ਔਨਲਾਈਨ, ਜਾਂ ਪੇਪਰ ਫਾਰਮ ਦੇ ਦੁਆਰਾ ਜਵਾਬ ਦੇ ਸਕਦੇ ਹੋ। ਜੇ ਤੁਸੀਂ ਮਾਰਚ ਜਾਂ ਅਪ੍ਰੈਲ ਵਿਚ ਜਨਗਣਨਾ ਦਾ ਜਵਾਬ ਦਿੰਦੇ ਹੋ, ਤਾਂ ਜਨਗਣਨਾ ਜਾਣਕਾਰੀ ਲੈਣ ਵਾਲਾ ਤੁਹਾਡੇ ਘਰ ਨਹੀਂ ਆਵੇਗਾ । ਮਈ ਦੇ ਅੱਧ ਤੋਂ ਸ਼ੁਰੂ ਕਰਦਿਆਂ, ਜਨਗਣਨਾ ਜਾਣਕਾਰੀ ਲੈਣ ਵਾਲੇ ਉਨ੍ਹਾਂ ਘਰਾਂ ਵਿਚ ਜਾਣਗੇ ਜਿਨ੍ਹਾਂ ਨੇ ਅਜੇ ਤੱਕ ਜਨਗਣਨਾ ਜਾਣਕਾਰੀ ਦਾ ਜਵਾਬ ਨਹੀਂ ਦਿੱਤਾ ਹੈ।

## ਜਨਗਣਨਾ ਜਾਣਕਾਰੀ ਲੈਣ ਵਾਲਾ ਕੌਣ ਹੈ?

ਜਨਗਣਨਾ ਜਾਣਕਾਰੀ ਲੈਣ ਵਾਲਾ ਜਾਂ ਗਣਨਾ ਕਰਨ ਵਾਲਾ ਉਹ ਵਿਅਕਤੀ ਹੈ ਜੋ ਜਨਗਣਨਾ ਵਿਭਾਗ ਦੁਆਰਾ ਤੁਹਾਡੇ ਲੋਕਲ ਭਾਈਚਾਰੇ ਤੋਂ ਉਨ੍ਹਾਂ ਘਰਾਂ ਤੋਂ ਜਨਗਣਨਾ ਪ੍ਰਤੀ ਜਵਾਬ ਇਕੱਤਰ ਕਰਨ ਲਈ ਅਤੇ ਦਰਵਾਜੇ ਤੇ ਦਸਤਕ ਦੇਣ ਲਈ ਰੱਖੇ ਗਏ ਹਨ ਜਿਨ੍ਹਾਂ ਨੇ ਹਾਲੇ ਤਕ ਕੋਈ ਜਵਾਬ ਨਹੀਂ ਦਿਤਾ।

## ਜਨਗਣਨਾ ਜਾਣਕਾਰੀ ਲੈਣ ਵਾਲੇ ਕਦੋਂ ਦਰਵਾਜ਼ੇ ਤੇ ਦਸਤਕ ਦੇਣਗੇ?

ਜ਼ਿਆਦਾਤਰ ਖੇਤਰਾਂ ਵਿੱਚ, ਜਨਗਣਨਾ ਜਾਣਕਾਰੀ ਲੈਣ ਵਾਲੇ ਮਈ ਦੇ ਅੱਧ ਤੋਂ ਜੁਲਾਈ ਦੇ ਅੰਤ ਤੱਕ ਘਰਾਂ ਦਾ ਦੌਰਾ ਕਰਨਗੇ। ਬਹੁਤ ਸਾਰੇ ਆੱਫ਼ -ਕੈਂਪਸ ਕਾਲਜ ਦੇ ਵਿਦਿਆਰਥੀਆਂ ਵਾਲੇ ਖੇਤਰਾ ਅਤੇ ਜਿੱਥੇ ਲੋਕ ਵੱਡੇ ਸਮੂਹਾਂ ਵਿਚ ਰਹਿੰਦੇ ਹਨ (ਉਦਾਹਰਣ ਵਜੋਂ, ਸੀਨੀਅਰ ਸੈਂਟਰ), ਇਹ ਪ੍ਰਕਿਰਿਆ ਅਪ੍ਰੈਲ ਦੇ ਸ਼ੁਰੂ ਵਿਚ ਅਰੰਭ ਹੋਵੇਗੀ।

## ਜਨਗਣਨਾ ਜਾਣਕਾਰੀ ਲੈਣ ਵਾਲੇ ਨੂੰ ਇਸ ਤਰ੍ਹਾਂ ਪਛਾਣੋ:

ਪਹਿਲਾਂ, ਉਨ੍ਹਾਂ ਦਾ ID ਬੈਜ ਵੇਖਣ ਲਈ ਕਹੋ ।ਜਨਗਣਨਾ ਦੇ ਸਾਰੇ ਕਰਮਚਾਰੀ ਅਧਿਕਾਰਤ ਸਰਕਾਰੀ ਬੈਜ ਲੈ ਕੇ ਜਾਂਦੇ ਹਨ ਜਿਸ ਵਿੱਚ ਉਨ੍ਹਾਂ ਦਾ ਨਾਮ, ਫੋਟੋ, ਯੂ ਐੱਸ ਜਨਗਣਨਾ ਬਿਯੂਰੋ ਦਾ ਵਾਟਰਮਾਰਕ ਅਤੇ ਇੱਕ ਮਿਆਦ ਖਤਮ ਹੋਣ ਦੀ ਤਾਰੀਖ ਹੁੰਦੀ ਹੈ ।

United States Census Bureau

*www.census.gov ਤੋਂ ਲਿਆ ਗਿਆ ਜਨਗਣਨਾ ਬਿਊਰੋ ਦਾ ਲੋਗੋ*

- ਇੱਕ ਜਨਗਣਨਾ ਜਾਣਕਾਰੀ ਲੈਣ ਵਾਲਾ ਜਨਗਣਨਾ ਬਿਊਰੋ ਦੇ ਲੋਗੋ ਵਾਲਾ ਇੱਕ ਅਧਿਕਾਰਤ ਬੈਗ ਅਤੇ ਆਈ ਫੋਨ ਰੱਖਦਾ ਹੈ।
- ਜਨਗਣਨਾ ਜਾਣਕਾਰੀ ਲੈਣ ਵਾਲਾ ਤੁਹਾਨੂੰ ਜਨਗਣਨਾ ਬਿਊਰੋ ਦੇ ਵੱਲੋਂ ਅਧਿਕਾਰਤ ਲੈਟਰਹੈੱਡ ਉੱਤੇ ਅੰਗਰੇਜ਼ੀ ਵਿੱਚ ਇੱਕ ਲੈਟਰ ਪ੍ਰਦਾਨ ਕਰੇਗਾ ਜਿਸ ਵਿੱਚ ਦਸਿਆ ਗਿਆ ਹੈ ਕਿ ਉਹ ਤੁਹਾਡੇ ਘਰੇ ਕਿਉਂ ਆ ਰਹੇ ਹਨ।
- ਜਨਗਣਨਾ ਜਾਣਕਾਰੀ ਲੈਣ ਵਾਲੇ ਆਪਣੇ ਕੰਮ ਨੂੰ 9 ਵਜੇ ਸਵੇਰੇ ਤੋਂ 9 ਵਜੇ ਸ਼ਾਮ ਤੱਕ ਕਰਦੇ ਹਨ।

- ਬੇਨਤੀ ਕਰਨ ਤੇ, ਜਨਗਣਨਾ ਜਾਣਕਾਰੀ ਲੈਣ ਵਾਲਾ ਤੁਹਾਨੂੰ ਉਹਨਾਂ ਦੇ ਸੁਪਰਵਾਈਜ਼ਰ ਦੀ ਸੰਪਰਕ ਜਾਣਕਾਰੀ ਅਤੇ / ਜਾਂ ਤੁਹਾਡੇ ਖੇਤਰੀ ਜਨਗਣਨਾ ਕੇਂਦਰ ( https://2020census.gov/en/contact-us/rcc ) ਲਈ ਫੋਨ ਨੰਬਰ ਪ੍ਰਦਾਨ ਕਰੇਗਾ ਜੋ ਤੁਹਾਡੇ ਖੇਤਰ ਵਿਚ ਸਾਰੇ ਖੇਤਰ ਦੇ ਪ੍ਰਤੀਨਿਧਤਾ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਦਾ ਹੈ।
- ਜੇਕਰ ਤੁਸੀਂ ਸੁਤੰਤਰ ਤੌਰ ਤੇ ਪੁਸ਼ਟੀ ਕਰਨਾ ਚਾਹੁੰਦੇ ਹੋ ਕਿ ਤੁਹਾਡੇ ਦਰਵਾਜ਼ੇ ਤੇ ਇਕ ਵਿਅਕਤੀ ਮਰਦਮਸ਼ੁਮਾਰੀ ਬਿਯੂਰੋ ਦਾ ਕਰਮਚਾਰੀ ਹੈ, ਤਾਂ ਤੁਸੀਂ ਆਪਣੇ ਖੇਤਰ ਵਾਲੇ ਖੇਤਰੀ ਜਨਗਣਨਾ ਕੇਂਦਰ ਨਾਲ ਸੰਪਰਕ ਕਰ ਸਕਦੇ ਹੋ।
- ***ਜਨਗਣਨਾ ਜਾਣਕਾਰੀ ਲੈਣ ਵਾਲਾ ਤੁਹਾਡੇ ਘਰ ਵਿਚ ਅੰਦਰ ਦਾਖ਼ਲ ਹੋਣ ਲਈ ਕਦੇ ਨਹੀਂ ਕਹੇਗਾ।***

## ਜਨਗਣਨਾ ਜਾਣਕਾਰੀ ਲੈਣ ਵਾਲਾ ਮੈਨੂੰ ਕੀ ਪੁੱਛੇਗਾ?

ਜਨਗਣਨਾ ਜਾਣਕਾਰੀ ਲੈਣ ਵਾਲੇ ਸਿਰਫ ਉਹ ਪ੍ਰਸ਼ਨ ਪੁੱਛਣਗੇ ਜੋ ਜਨਗਣਨਾ ਦੇ ਫਾਰਮ ਤੇ ਹੁੰਦੇ ਹਨ (ਪ੍ਰਸ਼ਨਾਂ ਦੇ ਉੱਤਰ ਦੇਣ ਲਈ ਤੁਹਾਡੀ ਉਮਰ ਘੱਟੋ ਘੱਟ 15 ਸਾਲ ਹੋਣੀ ਚਾਹੀਦੀ ਹੈ): ਪਤਾ, ਫੋਨ ਨੰਬਰ, ਤੁਹਾਡੇ ਘਰ ਵਿੱਚ ਰਹਿਣ ਵਾਲੇ ਲੋਕਾਂ ਦੀ ਸੰਖਿਆ, ਭਾਵੇਂ ਤੁਸੀਂ ਕਿਰਾਏ ਤੇ ਲੈਂਦੇ ਹੋ ਜਾਂ ਆਪਣਾ ਘਰ ਹੈ, ਅਤੇ ਹਰੇਕ ਨਿਵਾਸੀ ਬਾਰੇ ਜਰੂਰੀ ਜਾਣਕਾਰੀ (ਨਾਮ, ਉਮਰ, ਜਨਮ ਮਿਤੀ, ਲਿੰਗ, ਤੁਹਾਡੇ ਨਾਲ ਸਬੰਧ, ਨਸਲ, ਜਾਤੀ)। ਤੁਹਾਡੇ ਪਤੇ 'ਤੇ ਰਹਿਣ ਵਾਲੇ ਹਰੇਕ ਨੂੰ ਸ਼ਾਮਲ ਕਰਨਾ ਯਾਦ ਰੱਖੋ - ਬੱਚੇ, ਛੋਟੇ ਬੱਚੇ, ਪਰਿਵਾਰ ਦੇ ਦੂਜੇ ਮੈਂਬਰ, ਅਤੇ ਰੂਮਮੇਟ। ਕਈ ਵਾਰ ਲੋਕ ਛੋਟੇ ਬੱਚਿਆਂ ਨੂੰ ਸ਼ਾਮਲ ਕਰਨਾ ਭੁੱਲ ਜਾਂਦੇ ਹਨ, ਪਰ ਉਨ੍ਹਾਂ ਨੂੰ ਗਿਣਨਾ ਵੀ ਬਹੁਤ ਜ਼ਰੂਰੀ ਹੈ। ਹੋਰ ਜਾਣਕਾਰੀ ਲਈ ਆਪਣੇ ਪਰਿਵਾਰ ਅਤੇ ਛੋਟੇ ਬੱਚਿਆਂ ਦੀ ਗਿਣਤੀ ਕਰਨ ਲਈ ਸਾਡੀ ਜਾਣਕਾਰੀ ਨੂੰ www.CountUsIn2020.org/resources ਤੇ ਵੇਖੋ।

***ਜਨਗਣਨਾ ਜਾਣਕਾਰੀ ਲੈਣ ਵਾਲਾ ਤੁਹਾਡੇ ਨਾਗਰਿਕਤਾ ਦਾ ਦਰਜਾ , ਡ੍ਰਾਇਵਿੰਗ ਲਾਇਸੈਂਸ; ਸਮਾਜਕ ਸੁਰੱਖਿਆ ਨੰਬਰ; ਕ੍ਰੈਡਿਟ ਕਾਰਡ, ਬੈਂਕ ਜਾਂ ਹੋਰ ਵਿੱਤੀ ਜਾਣਕਾਰੀ; ਪੈਸਾ ਜਾਂ ਦਾਨ; ਜਾਂ ਪਿੰਨ ਕੋਡ ਜਾਂ ਪਾਸਵਰਡ ਨਹੀਂ ਪੁੱਛੇਗਾ*** ।

ਜੇ ਮੈਂ ਮਈ ਤੱਕ ਜਨਗਣਨਾ ਦਾ ਜਵਾਬ ਨਹੀਂ ਦਿੰਦਾ ਤਾਂ ਜਨਗਣਨਾ ਬਿਊਰੋ ਮੇਰੇ ਨਾਲ ਕਿਵੇਂ ਫਾਲੋ-ਅਪ ਕਰੇਗਾ?

- ਮਈ ਦੇ ਅੱਧ ਸ਼ੁਰੂ ਹੋਣ ਤੋਂ ਬਾਅਦ, ਜਨਗਣਨਾ ਜਾਣਕਾਰੀ ਵਾਲਾ ਜਨਗਣਨਾ ਲਈ ਤੁਹਾਡੇ ਜਵਾਬ ਪ੍ਰਾਪਤ ਕਰਨ ਲਈ ਤੁਹਾਡੇ ਦਰਵਾਜ਼ੇ ਤੇ ਦਸਤਕ ਦੇਵੇਗਾ। ਜਦੋਂ ਉਹ ਤੁਹਾਡੇ ਦਰਵਾਜ਼ੇ ਤੇ ਆਉਂਦੇ ਹਨ ਤਾਂ ਤੁਸੀਂ ਜਨਗਣਨਾ ਜਾਣਕਾਰੀ ਲੈਣ ਵਾਲੇ ਨਾਲ ਆਪਣੀ ਜਨਗਣਨਾ ਜਾਣਕਾਰੀ ਨੂੰ ਪੂਰਾ ਕਰ ਸਕਦੇ ਹੋ। ਜੇ ਤੁਸੀਂ ਇਹ ਵੀ ਨਹੀਂ ਕਰਦੇ ਹੋ, ਤਾਂ ਵੀ ਤੁਸੀਂ ਔਨਲਾਈਨ ਜਵਾਬ ਦੇ ਕੇ ਜਾਂ ਫੋਨ ਦੁਆਰਾ ਜੁਲਾਈ ਤਕ ਆਪਣੀ ਜਨਗਣਨਾ ਨੂੰ ਪੂਰਾ ਕਰ ਸਕਦੇ ਹੋ।
- ਜੇ ਕੋਈ ਦਰਵਾਜੇ ਤੇ ਜਵਾਬ ਨਹੀਂ ਦਿੰਦਾ, ਤਾਂ ਉਹ ਇੱਕ "ਨੋਟਿਸ ਆਫ਼ ਵਿਜ਼ਟ" ਪੋਸਟਕਾਰਡ ਨੂੰ ਇੱਕ ਪਰਿਵਾਰਕ ID ਨਾਲ ਛੱਡ ਦੇਣਗੇ ਜਿਸਦੀ ਵਰਤੋਂ ਤੁਸੀਂ ਜਨਗਣਨਾ ਜਾਣਕਾਰੀ ਨੂੰ ਔਨਲਾਈਨ ਜਾਂ ਫੋਨ ਦੁਆਰਾ ਭਰਨ ਲਈ ਕਰ ਸਕਦੇ ਹੋ।
- ਜੇ ਤੁਸੀਂ ਅਜੇ ਵੀ ਜਵਾਬ ਨਹੀਂ ਦਿੰਦੇ, ਤਾਂ ਉਹ ਇਕ ਹਫਤੇ ਬਾਅਦ ਵਾਪਸ ਆਉਣਗੇ ਅਤੇ ਫਾਲੋ-ਅਪ ਪੋਸਟਕਾਰਡ ਛੱਡ ਦੇਣਗੇ।
- ਜਨਗਣਨਾ ਜਾਣਕਾਰੀ ਕਰਨ ਵਾਲੇ ਛੇ ਵਾਰ ਤੱਕ ਕਾੱਲ ਜਾ ਸੰਪਰਕ ਕਰਦੇ ਰਹਿਣਗੇ।
- ਤੀਜੀ ਕੋਸ਼ਿਸ਼ ਤੋਂ ਬਾਅਦ, ਜਨਗਣਨਾ ਜਾਣਕਾਰੀ ਲੈਣ ਵਾਲੇ ਕਿਸੇ ਨੇੜਲੇ ਭਰੋਸੇਯੋਗ "ਪ੍ਰੌਕਸੀ" ਨੂੰ ਜਿਵੇਂ ਪੜੋਸੀ, ਲੈਟਰ ਕੈਰੀਅਰ, ਆਦਿ ਦੀ ਜਾਣਕਾਰੀ ਲਈ ਕਹਿ ਸਕਦੇ ਹਨ, ਫਿਰ ਜਨਗਣਨਾ ਜਾਣਕਾਰੀ ਲੈਣ ਵਾਲੇ ਉਸ ਜਾਣਕਾਰੀ ਦੇ ਜਵਾਬ ਤੇ ਅਧਾਰ ਤੇ ਜਨਗਣਨਾ ਕਰਦੇ ਹਨ।
- **ਭਾਸ਼ਾ ਸਹਾਇਤਾ**: ਜਦੋਂ ਮਰਦਮਸ਼ੁਮਾਰੀ ਕਰਨ ਵਾਲੇ ਵਿਅਕਤੀ ਘਰ ਦੇ ਦਰਵਾਜ਼ੇ ਪੁੱਜਣ ਉਪਰੰਤ ਕਿਸੇ ਭਾਸ਼ਾ ਦੀ ਮੁਸ਼ਕਿਲ ਦਾ ਸਾਹਮਣਾ ਕਰਦੇ ਹਨ ਤਾਂ ਉਹ ਭਾਸ਼ਾ ਸ਼ਨਾਖਤੀ ਕਾਰਡ ਦਿਖਾ ਸਕਣਗੇ ਜਿਸ ਵਿਚ 59 ਗੈਰ-ਅੰਗਰੇਜ਼ੀ ਭਾਸ਼ਾਵਾਂ ਵਿਚ ਇਕ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਮਰਦਮਸ਼ੁਮਾਰੀ ਲੈਣ ਵਾਲੇ ਭਾਸ਼ਾ ਸ਼ਨਾਖਤੀ ਕਾਰਡ ਦੀ ਵਰਤੋਂ ਪਰਿਵਾਰ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਦੀ ਪਛਾਣ ਕਾਰਨ ਲਈ ਕਰਦੇ ਹਨ ਤਾਂ ਜੋ ਉਹੀ ਭਾਸ਼ਾ ਬੋਲ ਸਕਣ ਵਾਲਾ ਕੋਈ ਵਿਅਕਤੀ ਉਸ ਪਰਿਵਾਰ ਨਾਲ ਬਾਦ ਵਿਚ ਸੰਪਰਕ ਕਰ ਸਕੇ।

*ਤੁਸੀਂ www.CountUsIn2020.org/resources 'ਤੇ ਜਨਗਿਣਤੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।*

# ਇੱਕ ਜਨ-ਗਣਨਾ ਕਰਨ ਵਾਲੇ ਦੀ ਪਹਿਚਾਣ ਕਿਵੇਂ ਕਰੀਏ।

ਤੁਸੀਂ ਜਨ-ਗਣਨਾ ਤੇ ਆਪਣੀ ਜਵਾਬ ਦੇ ਸਕਦੇ ਹੋ :

- ☑ ਔਨਲਾਇਨ
- ☑ ਫੋਨ ਰਾਹੀ
- ☑ ਪੇਪਰ ਫਾਰਮ ਰਾਹੀ

ਮਈ 2020 ਦੇ ਮੱਧ ਤੋਂ ਲੈਕੇ ਜਨ-ਗਣਨਾ ਵਾਲੇ ਉਨ੍ਹਾਂ ਘਰਾਂ ਦਾ ਦੌਰਾ ਕਰਨਗੇ ਜਿਨ੍ਹਾਂ ਨੇ ਜਨ-ਗਣਨਾ ਦਾ ਹਾਲੇ ਜਵਾਬ ਨਹੀਂ ਦਿੱਤਾ।



ਇੱਕ ਜਨ-ਗਣਨਾ ਲੈਣ ਵਾਲੇ ਦੀ ਅਧਿਕਾਰੀ ਦੀ ਪਹਿਚਾਣ ਉਨ੍ਹਾਂ ਦੀ ਅਧਿਕਾਰਿਕ ਜਨ-ਗਣਨਾ ਬਿਊਰੋ ਦੁਆਰਾ ਕੀਤੀ ਜਾ ਸਕਦਾ ਹੈ :

ਆਈ.ਡੀ
ਬੈਗ ਜਾ ਲੈਪਟੋਪ
ਪੱਤਰ

ਤੁਸੀਂ ਖੇਤਰੀ ਜਨਗਣਨਾ ਕੇਂਦਰ ਨਾਲ ਸੰਪਰਕ ਕਰ ਕੇ ਪੁਸ਼ਟੀ ਕਰ ਸਕਦੇ ਹੋ ਕਿ ਉਹ ਜਨਗਣਨਾ ਬਿਯੂਰੋ ਦੇ ਕਰਮਚਾਰੀ ਹਨ।

ਇੱਕ ਜਨ-ਗਣਨਾ ਲੈਣਾ ਵਾਲਾ ਕਦੀ ਵੀ ਤੁਹਾਡੇ ਘਰ ਦਾਖਲ ਹੋਣ ਲਈ ਲਈ ਨਹੀਂ ਕਹਿਗਾ।

ਜਨ-ਗਣਨਾ ਕਰਨ ਵਾਲਾ ਸਿਰਫ ਜਨ-ਗਣਨਾ ਫਾਰਮ ਉੱਤੇ ਦਿੱਤੇ ਗਏ ਪ੍ਰਸ਼ਨ ਹੀ ਪੁੱਛੇਗਾ।

ਯਾਦ ਰੱਖੋ ਕਿ ਉਨ੍ਹਾਂ ਸਾਰਿਆਂ ਨੂੰ ਸ਼ਾਮਿਲ ਕਰੋ ਜੋ ਤੁਹਾਡੇ ਪਤੇ ਉੱਤੇ ਰਹਿੰਦੇ ਹਨ।
ਬੱਚੇ, ਛੋਟੇ ਬੱਚੇ, ਪਰਿਵਾਰ , ਪਰਿਵਾਰ ਦੇ ਹੋਰ ਮੈਂਬਰ ਅਤੇ ਰੂਮਮੇਟਸ ਆਦਿ।

ਜਨ-ਗਣਨਨਾ ਲੈਣ ਵਾਲਾ ਕਦੇ ਵੀ ਨਹੀਂ ਪੁੱਛੇਗਾ।

- ☐ ਡਰਾਇਵਿੰਗ ਦਾ ਲਾਇਸੰਸ
- ☐ ਸੋਸ਼ਲ ਸਕਿਉਰਟੀ ਦਾ ਨੰਬਰ
- ☐ ਕਰੈਡਿਟ ਕਾਰਡ, ਬੈਂਕ ਜਾਂ ਹੋਰ ਵਿੱਤੀ ਜਾਣਕਾਰੀ
- ☐ ਧੰਨ ਜਾ ਦਾਨ ਬਾਰੇ
- ☐ ਪਿਨ ਕੋਡ ਜਾਂ ਪਾਸਵਰਡ